ਵਲੋਂ,

ਮੁੱਖ ਖੇਤੀਬਾੜੀ ਅਫ਼ਸਰ,
ਹੁਸ਼ਿਆਰਪੁਰ।

ਸੇਵਾ ਵਿਖੇ,

ਜਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ,
ਹੁਸ਼ਿਆਰਪੁਰ।

ਨੰਬਰ:- 2558 ਮਿਤੀ:- 06/07/2021

ਜਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਨੰਬਰ 1334 ਮਿਤੀ 08/7/21 ਹੁਸ਼ਿਆਰਪੁਰ

ਵਿਸ਼ਾ:- Request for grant of No Objection Certificate for development of Retail Outlet at Location ON Vill. Purhiran city Hoshiarpur on Bus stand to Phagwara chowk Road, Distt. Hoshiarpur.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਸ੍ਰੀ ਸਾਹਿਲ ਠਕਾਰ ਪੁੱਤਰ ਸ੍ਰੀ ਰਾਜ ਸਿੰਘ ਮਕਾਨ ਨੰ 05ਗਲੀ ਨੰ 1-ਏ ਗੋਤਮ ਨਗਰ, ਹੁਸ਼ਿਆਰਪੁਰ ਜਿਲ੍ਹਾ ਹੁਸ਼ਿਆਰਪੁਰ ਨੂੰ ਐਚ.ਸੀ.ਪੀ.ਐਲ ਪਾਸੋਂ ਹੁਸ਼ਿਆਰਪੁਰ ਸ਼ਹਿਰ ਡਬਲਿਊ.ਐਮ.ਐਲ. ਵਿਖੇ ਨਵਾਂ ਪੰਪ ਲਗਾਉਣ ਸਬੰਧ ਜੋ ਜਮੀਨ ਪੰਪ ਲਗਾਉਣ ਵਾਸਤੇ ਹੈ ਮੌਕਾ ਬਲਾਕ ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ-1 ਵਲੋਂ ਦੇਖਿਆ ਗਿਆ ਅਤੇ ਦੱਸਿਆ ਗਿਆ ਕਿ ਇਹ ਜਮੀਨ ਬਰਾਨੀ ਹੈ, ਇਹ ਥਾਂ ਪੰਪ ਲਈ ਉਚਿੱਤ ਹੈ। ਇਸ ਸਬੰਧ ਵਿੱਚ ਇਤਰਾਜ ਨਾ ਕਰਦੇ ਹੋਏ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ NOC ਜਾਰੀ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਹੈ ਜੀ।

ਮੁੱਖ ਖੇਤੀਬਾੜੀ ਅਫ਼ਸਰ,
ਹੁਸ਼ਿਆਰਪੁਰ।
06/07/21

OFFICE OF THE
MUNICIPAL CORPORATION,
HOSHIARPUR.
ਦਫਤਰ ਨਗਰ ਨਿਗਮ, ਹੁਸ਼ਿਆਰਪੁਰ।

Off: 01882-220322, 220974
Email : eomchsp@gmail.com
Website : mchoshiarpur.org

स्वच्छ भारत

Ref.No. 672 /MTP

Dated 09/07/2021

ਸੇਵਾ ਵਿਖੇ

ਜਿਲ੍ਹਾਂ ਕੰਟਰੋਲਰ,
ਖੁਰਾਕ ਸਿਵਲ ਸਪਲਾਈ ਅਤੇ
ਖਪਤਕਾਰ ਮਾਮਲੇ, ਹੁਸ਼ਿਆਰਪੁਰ।

ਵਿਸ਼ਾ:- **NOC for HPC Outlet at vill purhiran (Hoshiarpur city WML) From Bus Stand to Phagawara Chowk khasara no 78/24/1, 14,17/1,17/2, Distt. Hoshiarpur State Punjab.**

ਹਵਾਲਾ:- ਆਪ ਦੇ ਦਫਤਰ ਦੇ ਮੀਮੋ ਨੰ: ਇ(ਪ)-2021/526-537 ਮਿਤੀ 16.02.2021 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਬੰਧਤ ਸਾਈਟ ਅੱਗੇ ਲਗਦੀ ਸੜਕ ਦੀ ਚੋੜਾਈ 18.50 ਮੀਟਰ ਹੈ। ਬਿਲਡਿੰਗ ਬਾਈਲਾਜ਼ ਅਤੇ ਦਿੱਤੇ ਨਕਸ਼ੇ ਅਨੁਸਾਰ ਇਸ ਸਾਈਟ ਤੇ Two Wheelar/Three Wheelar ਵਾਸਤੇ Retail Outlet ਦੀ ਆਗਿਆ ਦਿੱਤੀ ਜਾ ਸਕਦੀ ਹੈ। ਪ੍ਰੰਤੂ ਪ੍ਰਾਰਥੀ ਮੌਕੇ ਤੇ ਪੈਟਰੋਲ ਪੰਪ ਸਥਾਪਤ ਕਰਨ ਤੋ ਪਹਿਲਾਂ ਨਗਰ ਨਿਗਮ, ਹੁਸ਼ਿਆਰਪੁਰ ਪਾਸੋ ਆਨ-ਲਾਈਨ ਪੋਰਟਲ ਰਾਹੀਂ ਭੌ-ਮੰਤਵ ਤਬਦੀਲ ਕਰਵਾਉਣ ਉਪਰੰਤ ਨਕਸ਼ਾ ਪਾਸ ਕਰਵਾਉਣ ਦਾ ਪਾਬੰਦ ਹੋਵੇਗਾ ਅਤੇ ਬਣਦੀਆਂ ਫੀਸਾ ਜਮ੍ਹਾਂ ਕਰਾਉਣ ਦਾ ਪਾਬੰਦ ਹੋਵੇਗਾ।

ਸਹਾਇਕ ਟਾਊਨ ਪਲੈਨਰ,
ਨਗਰ ਨਿਗਮ,ਹੁਸ਼ਿਆਰਪੁਰ।
18

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ,ਜਲੰਧਰ।

ਪੁੱਡਾ ਕੰਪਲੈਕਸ,ਐਸ.ਸੀ.ਓ ਨੰ:41,ਲਾਡੋਵਾਲੀ ਰੋਡ,
ਸਾਹਮਣੇ ਤਹਿਸੀਲ ਕੰਪਲੈਕਸ,ਜਲੰਧਰ।

---

ਵੱਲ:

Deputy General Manager &
Duly Constituted Attorney,
Hindustan Petroleum Corporation Limited,
Jalandhar Retail Regional Office,
Suchi Pind, G.T. Road Bye Pass,
Jalandhar-144009.

ਨੰਬਰ 1118 ਮਿਤੀ 17-6-21 ਹੁਸ਼ਿਆਰਪੁਰ

Pe (M) 17/6/2021

ਪੱਤਰ ਨੰ:ਵ:ਮੁੱ:ਪ੍:-ਪੁੱਡਾ-ਜਲੰ-2021/ ਮਿਤੀ:

ਵਿਸ਼ਾ:- **NOC for HPC Retail Outlet at Vill:Purhira (Hoshiarpur City WML) from Bus Stand to Phagwara Chowk Road, Khasra No.78//24/1, 14, 17/1,17/2, District Hoshiarpur, State Punjab.**

ਹਵਾਲਾ:- ਜਿਲ੍ਹਾ ਕੰਟਰੋਲਰ,ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ,ਹੁਸ਼ਿਆਰਪੁਰ ਦਾ ਪੱਤਰ ਮੀਮੋ ਨੰ:ਇੰ.(ਪ)-2021/526-537 ਮਿਤੀ 16.02.2021.

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਏ ਦਸਤਾਵੇਜ਼/ਸਾਈਟ ਪਲਾਨ ਦੇ ਅਧਾਰ ਤੇ ਪੁੱਡਾ ਦੇ ਫੀਲਡ ਸਟਾਫ ਪਾਸੋਂ ਸਾਈਟ ਤੇ ਮੌਕੇ ਦੀ ਪੜਤਾਲ ਕਰਵਾਈ ਗਈ ਹੈ। ਮਿਲਖ ਅਫ਼ਸਰ (ਆਰ), ਜੇਡੀਏ, ਜਲੰਧਰ ਵਲੋਂ ਪੱਤਰ ਨੰ:1638 ਮਿਤੀ 07.05.2021 ਰਾਹੀਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਇਹ ਸਾਈਟ ਹੁਸ਼ਿਆਰਪੁਰ ਸ਼ਹਿਰ ਤੋਂ ਫਗਵਾੜਾ ਚੌਂਕ ਵੱਲ ਜਾਂਦੀ ਰੋਡ ਤੇ ਪਿੰਡ ਪੁਰਹੀਰਾਂ ਵਿਖੇ ਸਥਿਤ ਹੈ। ਪ੍ਰਾਪਤ ਨਕਸ਼ੇ ਅਨੁਸਾਰ ਸਾਈਟ ਨੂੰ ਜਾਂਦੀ ਸੜ੍ਹਕ ਪੱਕੀ ਹੈ। ਇਹ ਸੜ੍ਹਕ ਸ਼ਡਿਊਲਡ ਰੋਡ ਤੇ ਅਵੱਟ ਕਰਦੀ ਹੈ, ਇਸ ਲਈ ਰਸਤੇ ਦੀ ਪ੍ਰਵਾਨਗੀ ਲਈ ਰੋਡ ਅਸੈਸ (Road Access) ਵਸੂਲਣਯੋਗ ਹੈ।ਸਰਕਾਰ ਦੇ ਨੋਟੀਫਿਕੇਸ਼ਨ ਨੰ:3/151/6-ਐਚ.ਜੀ.-1/3527-3533 ਮਿਤੀ 14.04.2005/04.05.2005 ਅਨੁਸਾਰ ਤਜਵੀਜ਼ਤ ਸਾਈਟ ਲਈ ਸ਼ਡਿਊਲਡ ਰੋਡ ਤੋਂ ਅਪਰੋਚ ਰੋਡ ਦੀ ਪ੍ਰਵਾਨਗੀ ਲਈ ਅਸੈਸ ਫੀਸ ਜਿਲ੍ਹਾ ਨਗਰ ਯੋਜਨਾਕਾਰ, ਹੁਸ਼ਿਆਰਪੁਰ ਵਲੋਂ ਚਾਰਜ ਕੀਤੀ ਜਾਣੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਬਣਦੀ ਅਸੈਸ ਫੀਸ ਜਿਲ੍ਹਾ ਨਗਰ ਯੋਜਨਾਕਾਰ, ਹੁਸ਼ਿਆਰਪੁਰ ਦੇ ਦਫ਼ਤਰ ਪਾਸ ਜਮ੍ਹਾਂ ਕਰਵਾ ਕੇ ਉਸ ਦੀ ਰਸੀਦ ਇਸ ਦਫ਼ਤਰ ਨੂੰ ਭੇਜੀ ਜਾਵੇ।

ਵਧੀਕ ਮੁੱਖ ਪ੍ਰਸਾਸ਼ਕ,
ਪੁੱਡਾ, ਜਲੰਧਰ।

ਪਿੱਠਅੰਕਣ ਨੰ:ਵਾ.ਮੁੱ.ਪ੍ਰ.-ਪੁੱਡਾ-ਜਲੰ:/2021/ ਮਿਤੀ:

ਉਪਰੋਕਤ ਦਾ ਉਤਾਰਾ ਜਿਲ੍ਹਾ ਨਗਰ ਯੋਜਨਕਾਰ, ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰ:3/151/6-ਐਚ.ਜੀ.-1/3527-3533 ਮਿਤੀ 14.04.2005/ 04.05.2005 ਮੁਤਾਬਿਕ ਬਿਨੈਕਾਰ/ਕੰਪਨੀ ਵਲੋਂ ਲੋੜੀਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਉਸ ਦੀ ਰਸੀਦ ਇਸ ਦਫ਼ਤਰ ਨੂੰ ਭੇਜੀ ਜਾਵੇ।

ਵਧੀਕ ਮੁੱਖ ਪ੍ਰਸਾਸ਼ਕ,
ਪੁੱਡਾ, ਜਲੰਧਰ।

ਪਿੱਠਅੰਕਣ ਨੰ:ਵਾ.ਮੁੱ.ਪ੍ਰ.-ਪੁੱਡਾ-ਜਲੰ:/2020/ 5304 ਮਿਤੀ: 12/5/2021

ਉਪਰੋਕਤ ਦਾ ਉਤਾਰਾ ਜਿਲ੍ਹਾ ਕੰਟਰੋਲਰ,ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ,ਹੁਸ਼ਿਆਰਪੁਰ ਨੂੰ ਉਹਨ੍ਹਾਂ ਦੇ ਪੱਤਰ ਮੀਮੋ ਨੰ:ਇੰ.(ਪ)-2021/526-537 ਮਿਤੀ 16.02.2021 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਮੁੱਖ ਪ੍ਰਸਾਸ਼ਕ,
ਪੁੱਡਾ, ਜਲੰਧਰ।

\\Hp\e\AEE-2\DTP Letter 1.doc

# Punjab Pollution Control Board

**Regional Office**

E-18-A Focal Point, **Hoshiarpur**

**E-mail :** ppcbrohoshiarpur@gmail.com websitewww.ppcb.gov.in **Phone/FAX :** 01882-248020

No. 1228 Dated 5/5/21

ਸੇਵਾ ਵਿਖੇ

ਜਿਲ੍ਹਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ,
ਹੁਸ਼ਿਆਰਪੁਰ।

ਵਿਸ਼ਾ: **NOC for HPC Retail outlet at Vill, Purhira (Hoshiarpur City WML) from Bus Stand to Phagwara Chowk, khasra no. 78//24/1, 14,17/1, 17/2, distt. Hoshiarpur, Punjab.**

ਹਵਾਲਾ: ਆਪ ਦੇ ਦਫਤਰ ਦਾ ਮੀਮੋ ਨੰ:ਇ (ਪ) -2019/4334-4346 ਮਿਤੀ 18.11.2019.

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸੰਬਧ ਵਿੱਚ ਆਪਜੀ ਨੂੰ ਦੱਸਿਆ ਜਾਂਦਾ ਹੈ ਕਿ ਆਪ ਦੇ ਦਫਤਰ ਵੱਲੋ ਵਿਸ਼ਾ ਅਧੀਨ ਸਥਾਨ ਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟਡ ਵੱਲੋ ਰਿਟੇਲ ਆਉਟਲੇਟ ਲਗਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਵੱਲੋ ਐਨ.ਓ.ਸੀ ਜਾਰੀ ਕਰਨ ਲਈ ਕੇਸ ਪ੍ਰਾਪਤ ਹੋਇਆ ਹੈ। ਇਸ ਅਰਜੀ ਦੇ ਮੁਤਾਬਿਕ ਪ੍ਰਾਰਥੀ ਵੱਲੋਂ ਇੱਕ ਰਿਟੇਲ ਆਉਟਲੈਟ ਲਗਾਉਣ ਦੀ ਤਜਵੀਜ ਹੈ, ਰਿਟੇਲ ਆਉਟਲੇਟ ਲਗਵਾਉਣ ਲਈ ਸੈਂਟਰਲ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਪੱਤਰ ਨੰ: B-13011/1/2019-20/AQM/10809 dated 07/01/2020 ਰਾਹੀਂ ਸਾਈਟਿੰਗ ਗਾਇਡਲਾਇਨਜ/ਹਦਾਇਤਾ ਫਿਕਸ ਕੀਤੀਆਂ ਗਈਆ ਹਨ।ਜੇਕਰ ਉਕਤ ਅਦਾਰਾ ਸੀ.ਪੀ.ਸੀ.ਬੀ. ਵੱਲੋ ਨਿਰਧਾਰਤ ਸਾਈਟਿੰਗ ਗਾਈਡਲਾਇਨਜ਼/ਹਦਾਇਤਾ ਨੂੰ ਪੂਰੀਆਂ ਕਰਦਾ ਹੈ, ਤਾਂ ਇਸ ਦਫਤਰ ਨੂੰ ਉਕਤ ਰਿਟੇਲ ਆਉਟਲੇਟ ਲਗਾਉਣ ਲਈ ਆਪ ਵੱਲੋਂ ਐਨ.ਓ.ਸੀ. ਜਾਰੀ ਕਰਨ ਤੇ ਕੋਈ ਇਤਰਾਜ ਨਹੀਂ ਹੈ ਬਸ਼ਰਤੇ ਕਿ ਪ੍ਰਾਰਥੀ, ਹੇਠ ਲਿਖੀਆਂ ਸ਼ਰਤਾ ਦੀ ਪਾਲਣਾ ਕਰੇਗਾ।

1) ਅਦਾਰਾ ਮੈਨਯੂਫੈਕਚਰਿੰਗ ਸਟੋਰੇਜ਼ ਐਂਡ ਇੰਪੋਰਟ ਆਫ ਹਜਾਰਡਸ ਕੈਮੀਕਲਜ਼ ਰੂਲਜ਼ 1989 ਦੀ ਪਾਲਨਾ ਕਰਦੇ ਆਨ ਸਾਈਟ ਐਮਰਜੈਂਸੀ ਪਲਾਨ ਅਤੇ ਆਫ ਸਾਈਟ ਐਮਰਜੇਂਸੀ ਪਲਾਨ ਵੀ ਤਿਆਰ ਕਰੇਗਾ ਅਤੇ ਇਹਨਾਂ ਪਲਾਨਾਂ ਨੂੰ ਸਮਰੱਥ ਅਧਿਕਾਰੀ ਤੋਂ ਅਪਰੂਵ ਕਰਾਏਗਾ।
2) ਅਦਾਰਾ ਰਿਟੇਲ ਆਉਟਲੇਟ ਤੋਂ ਬਿਨਾਂ ਕੋਈ ਹੋਰ ਵਾਟਰ ਜਾਂ ਏਅਰ ਪ੍ਰਦੂਸ਼ਣ ਪੈਦਾ ਕਰਨ ਵਾਲੀ ਗਤੀਵਿਧੀ ਜਿਵੇਂ ਕਿ ਆਟੋ ਸਰਵਿਸ ਸੈਟਰ ਆਦਿ ਬੋਰਡ ਦੀ ਕੰਨਸੈਟ/ਐਨ ਓ ਸੀ ਤੋਂ ਬਿਨਾਂ ਸਥਿਤ ਨਹੀਂ ਕਰੇਗਾ।
3) ਅਦਾਰਾ ਪੰਜਾਬ ਰਿਜਨਲ ਟਾਊਨ ਪਲੋਨਿੰਗ ਅਤੇ ਡਿਵਲਪਮੈਂਟ ਐਕਟ, 1995 ਦੀਆਂ ਧਰਾਵਾਂ ਦੀ ਇੰਨ ਬਿੰਨ ਪਾਲਣਾ ਕਰੇਗਾ।
4) ਅਦਾਰਾ ਭਾਰਤ ਸਰਕਾਰ ਦੇ ਪੈਟਰੋਲੀਅਮ ਅਤੇ ਐਕਸਪਲੋਜਿਵ ਸੇਫਟੀ ਆਰਗੇਨਾਈਜੇਨ ਵੱਲੋਂ ਦਿੱਤਾ ਐਨ.ਓ.ਸੀ.ਮਿਤੀ14/12/2017 ਵਿੱਚ ਦਰਸਾਈਆਂ ਸਾਰੀਆਂ ਸਰਤਾਂ ਦੀ ਇੰਨੂ-ਬਿੰਨ ਪਾਲਣਾ ਕਰੇਗਾ।
5) ਅਦਾਰਾ ਆਈ.ਆਰ.ਸੀ.:12-2016 ਵਿੱਚ ਦਰਸਾਈਆਂ ਗਾਈਡਲਾਈਨਜ਼ ਦੀ ਇੰਨ ਬਿੰਨ ਪਾਲਣਾ ਕਰੇਗਾ।
6) ਅਦਾਰਾ ਮਾਸਟਰ ਪਲਾਨ ਹੁਸ਼ਿਆਰਪੁਰ ਦੀਆਂ ਤਜਵੀਜਾਂ ਦੀ ਪਾਲਣਾ ਕਰੇਗਾ।
7) ਅਦਾਰਾ ਸੀ.ਪੀ.ਸੀ.ਬੀ ਵੱਲੋਂ ਪੱਤਰ ਨੰਬਰ B-13011/1/2019-20/AQM/10809 dated 07/01/2020 ਰਾਹੀ ਜਾਰੀ ਕੀਤੀਆਂ ਹਦਾਇਤਾ ਅਤੇ ਸਾਈਟਿੰਗ ਗਾਈਡਲਾਈਨਜ ਦੀ ਇੰਨ ਬਿੰਨ ਪਾਲਣਾ ਕਰੇਗਾ।
8) ਅਦਾਰਾ ਡੋਮੇਸਟਿਕ ਐਫੂਲੈਂਟ ਦੇ ਟਰੀਟਮੈਂਟ ਲਈ ਸੈਪਟਿਕ ਟੈਂਕ ਬਣਾਏਗਾ ਅਤੇ ਇਸਦੇ ਡਿਸਪੋਜਲ ਲਈ ਪਲਾਂਟੇਸ਼ਨ ਏਰੀਆ ਬਣਾਏਗਾ।
9) ਪ੍ਰਾਰਥੀ ਹੋਰ ਮਹਿਕਮੀਆਂ ਤੋਂ ਲੋੜੀਂਦੀ ਮਨਜ਼ੂਰੀ ਵੀ ਹਾਸਿਲ ਕਰੇਗਾ।

ਇਸ ਤੋ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਵਿੱਖ ਵਿੱਚ ਰਿਟੇਲ ਆਉਟਲੇਟ ਲਗਾਉਣ ਦੇ ਸਬੰਧ ਵਿੱਚ ਕੋਈ ਕੇਸ ਇਸ ਦਫਤਰ ਨੂੰ ਭੇਜਣ ਸਮੇਂ, ਬਿਨੈਕਾਰ ਪਾਸੋ ਸੀ.ਪੀ.ਸੀ.ਬੀ ਵੱਲੋ ਨਿਰਧਾਰਿਤ ਕੀਤੀਆ ਹਦਾਇਤਾ ਅਤੇ ਸਾਈਟਿੰਗ ਗਾਈਡਲਾਈਨਜ ਦੀ ਪਾਲਣਾ ਸਬੰਧੀ ਪੱਤਰ ਵੀ ਨਾਲ ਭੇਜਿਆ ਜਾਵੇ।

ਵਾਤਾਵਰਣ ਇੰਜੀਨੀਅਰ

**PSPCL** **Punjab State Power Corporation Limited**

Regd office:PSEB Head office, The Mall Patiala-147001 Corporate ID.No.U40109PB2010SGC033813
Phone No.0175-2301367, Email:- cspunjabpower@yahoo.com
O/o Dy.C.E.OP Circle PSPCL, Hoshiarpur

ਵੱਲ:-

ਜਿਲ੍ਹਾ ਕੰਟਰੋਲਰ
ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ,ਹੁਸ਼ਿਆਰਪੁਰ।

ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਨੰਬਰ 837 ਮਿਤੀ 30-4-2021 ਹੁਸ਼ਿਆਰਪੁਰ

ਮੀਮੋ ਨੰਬਰ:-8550 /DRG-2,NOC ਮਿਤੀ:- 23/4/21

ਵਿਸ਼ਾ :- **NOC for HPC Retail outlet at vill. Purhiran (Hsp City WML) from bus stand to Phagwara Chownk Khasra no. 78//24/1, 14,17/1,17/2 Distt. Hsp State Punjab.**

ਹਵਾਲਾ:- ਆਪ ਦੇ ਦਫਤਰ ਦਾ ਪੱਤਰ ਨੰ. 526-37 ਮਿਤੀ 16.02.2021

ਉਪਰੋਕਤ ਵਿਸ਼ੇ ਦੇ ਸਬੰਧੀ ਹਵਾਲਾ ਅਧੀਨ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਇਸ ਦੱਫਤਰ ਅਧੀਨ ਆਉਂਦੇ ਦਫਤਰ ਵਧੀਕ ਨਿਗਰਾਨ ਇੰਜੀਨੀਅਰ ਸੰਚਾ: ਸਬ-ਅਰਬਨ ਮੰਡਲ ਨੇ ਆਪਣੇ ਦੱਫਤਰ ਦੇ ਪੱਤਰ ਨੰਬਰ 3352 ਮਿਤੀ 16.04.21 ਨਾਲ ਸਾਈਟ ਨਿਰੀਖਣ ਕਰਕੇ ਵਿਸ਼ਾ ਚਰਰਿਤ ਪੈਟਰੋਲ ਪੰਪ ਜਿਸ ਜਗ੍ਹਾ ਤੇ ਲਗਾਇਆ ਜਾਣਾ ਹੈ ਉਸ ਜਗ੍ਹਾ ਦੇ ਉਪਰੋਂ ਕੋਈ ਵੀ ਐਚ.ਟੀ/ਐਲ.ਟੀ ਲਾਈਨ ਕਰਾਸ ਨਹੀਂ ਕਰਦੀ ਹੈ,ਬਾਬਤ ਸੂਚਿਤ ਕੀਤਾ ਹੈ। ਇਸ ਲਈ ਵਿਸ਼ਾ ਸਬੰਧੀ ਖਪਤਕਾਰ ਨੂੰ ਕੁਨੈਕਸ਼ਨ ਜਾਰੀ ਕਰਨ ਵਿੱਚ ਇਸ ਦਫਤਰ ਨੂੰ ਕੋਈ ਵੀ ਇਤਰਾਜ਼ ਨਹੀ ਹੈ।

ਇਹ ਆਪ ਦੀ ਜਾਣਕਾਰੀ ਹਿੱਤ ਹੈ ਜੀ।

ਨੱਥੀ/ਕੇਸ (ਮੂਲ ਰੂਪ ਵਿੱਚ ਜਿਵੇਂ ਪ੍ਰਾਪਤ ਹੋਇਆ)

ਉੱਪ ਮੁੱਖ ਇੰਜੀਨੀਅਰ/ਸੰਚਾ:
ਪੀ.ਐਸ.ਪੀ.ਸੀ.ਐਲ. ਹਲਕਾ ਹੁਸ਼ਿਆਰਪੁਰ।

ਸੀ.ਸੀ:-
ਵਧੀਕ ਨਿਗਰਾਨ ਇੰਜੀਨੀਅਰ ਸੰਚਾ: ਸਬ-ਅਰਬਨ ਮੰਡਲ ਨੂੰ ਉਹਨਾਂ ਦੇ ਦਫਤਰੀ ਪਤੱਰ ਨੰਬਰ 3352 ਮਿਤੀ 16.04.21 ਦੇ ਸਬੰਧ ਵਿੱਚ ਸੂਚਨਾ ਹਿੱਤ।

## ਦਫ਼ਤਰ ਉਪ ਮੰਡਲ ਮੈਜਿਸਟਰੇਟ, ਹੁਸ਼ਿਆਰਪੁਰ

Email : sdm.hoshiarpur@gmail.com,Ph. No. 01882-220310

ਵੱਲੋਂ

ਜਿਲਾ ਕੰਟਰੋਲਰ
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਹੁਸ਼ਿਆਰਪੁਰ

ਨੰ: ....826.../ਆਰ.ਕੇ. ਮਿਤੀ : 14../.09/2020

ਵਿਸ਼ਾ:- **NOC for HPC Retail at village purhira (Hoshiarpur city WML) from bus stand phagwara Chowk, khasra no 78//24/1,14,17/1.17/2,district Hoshiarpur,state punjab.**

ਹਵਾਲਾ:- ਆਪ ਦੇ ਦਫਤਰ ਦਾ ਪੱਤਰ 529-537 ਮਿਤੀ 16.02.2021

ਉਪਰੋਕਤ ਵਿਸ਼ੇ ਸਬੰਧੀ ਤਹਿਸੀਲਦਾਰ, ਹੁਸ਼ਿਆਰਪੁਰ ਪਾਸੋਂ ਰਿਪੋਰਟ ਪੱਤਰ ਨੰਬਰ 283/ ਦ.ਕ. ਮਿਤੀ 02-9-2021 ਰਾਹੀ ਪ੍ਰਾਪਤ ਹੋਈ ਹੈ। ਰਿਪੋਰਟ ਅਨੁਸਾਰ ਫਰਦ ਜਮਾਂਬੰਦੀ ਅਨੁਸਾਰ ਨੰਬਰ ਖਸਰਾ 78//24/1-14-17/1.17/2, ਵਾਕਿਆ ਪਿੰਡ ਪੁਰਹੀਰਾਂ ਹਦਬਸਦ ਨੰਬਰ 251 ਤਹਿ ਤੇ ਜਿਲਾ ਹੁਸ਼ਿਆਰਪੁਰ ਸ਼ਕਤੀਨੰਦਨ ਪੁੱਤਰ ਸੰਜੀਵ ਕੁਮਾਰ ਪੁੱਤਰ ਨਰਿੰਦਰ ਕੁਮਾਰ 1/24 ਹਿੱਸਾ ਸਾਹਿਲ ਠਾਕੁਰ ਪੁੱਤਰ ਰਾਜ ਸਿੰਘ ਪੱਤਰ ਕਰਨ ਸਿੰਘ 1/24 ਹਿੱਸਾ ਰਕਬੇ ਦੇ ਮਾਲਕ ਹਨ। ਇਹ ਖਾਤਾ ਮਸ਼ਤਰਕਾ ਹੈ। ਨੰਬਰਾਨ ਖਸਰਾ ਸਬੰਧੀ ਅਕਸ ਸਜਰਾ ਨਾਲ ਸ਼ਾਮਲ ਹੈ ਅਤੇ ਪਟਾਨਾਮਾ ਵਸੀਕਾ ਹਨੰਬਰ 172/1 ਮਿਤੀ 8-4-19 ਅਨੁਸਾਰ ਸ਼ਕਤੀਨੰਦਨ ਪੁੱਤਰ ਸੰਜੀਵ ਕੁਮਾਰ ਵਲੋ ਉਪਰੋਕਤ ਰਕਬੇ ਵਿੱਚ ਆਪਣਾ 1/2 ਹਿੱਸਾ ਬਹੱਕ ਸਾਹਿਲ ਠਾਕਰ ਪੁੱਤਰ ਰਾਜ ਸਿੰਘ ਪੁੱਤਰ ਕਰਨ ਸਿੰਘ ਨਾਲ ਅਰਸਾ 20 ਸਾਲ ਵਾਸਤੇ ਕੀਤਾ ਹੈ। ਇਹਨਾ ਨੰਬਰਾਨ ਖਸਰਾ ਦੇ ਸਾਹਮਣੇ ਲੱਗਦਾ ਹੁਸ਼ਿਆਰਪੁਰ ਫਗਵਾੜਾ ਰੋਡ ਦੀ ਚੌੜਾਈ 11 ਕਰਮ ਹੈ। ਪ੍ਰਾਰਥੀ ਵਲੋ ਆਪਣੀ ਦਰਖਾਸਦ ਨਾਲ ਸਾਈਟ ਪਲਾਨ ਅਤੇ ਹੋਰ ਜਰੂਰੀ ਦਸਤਾਵੇਜ ਨੱਥੀ ਨਾਲ ਕੀਤੇ ਹਨ। ਪ੍ਰਾਰਥੀ ਨਵਾਂ ਪੈਟਰੋਲ ਪੰਪ ਲਗਾਉਣ ਲਈ ਇਤਰਾਜਹੀਣਤਾ ਸਰਟੀਫਿਕੇਟ ਦੀ ਮੰਗ ਕਰਦਾ ਹੈ, ਜੋ ਕਿ ਦਿੱਤੇ ਜਾਣ ਦੀ ਸਿਫਾਰਸ਼ ਕੀਤੀ ਗਈ ਹੈ।

ਤਹਿਸੀਲਦਾਰ, ਹੁਸ਼ਿਆਰਪੁਰ ਦੀ ਰਿਪੋਰਟ ਦੇ ਸਨਮੁੱਖ ਪ੍ਰਾਰਥੀ ਨੂੰ ਪੈਟਰੋਲ ਪੰਪ ਲਗਾਉਣ ਲਈ ਇਤਰਾਜਹੀਣਤਾ ਸਰਟੀਫਿਕੇਟ ਦਿੱਤਾ ਜਾਣਾ ਯੋਗ ਹੋਵੇਗਾ। ਅਸਲ ਕਾਗਜਾਤ ਅਗਲੇਰੀ ਕਾਰਵਾਈ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਵਾਪਸ ਭੇਜੇ ਜਾਂਦੇ ਹਨ ਜੀ।

ਉਪ ਮੰਡਲ ਮੈਜਿਸਟਰੇਟ,
ਹੁਸ਼ਿਆਰਪੁਰ।
14/09/2021

ਨੱਥੀ:- ਸਹਿ-ਪੱਤਰਾਂ ਸਮੇਤ ਅਸਲ ਕੇਸ।